ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-5 ਸ਼ਾਖਾ)

ਹੁਕਮ ਨੰ: 19/98/07-4ਸਿ5/ 2889 - 2903 ਮਿਤੀ, ਚੰਡੀਗੜ੍ਹ 20 ਨਵੰਬਰ,2012

**ਹੁਕਮ**

1.0 ਸ੍ਰੀ ਅਨਿਲ ਸੰਧੀਰ, ਸੁਪਰਡੰਟ ਗੇਡ-2 ,ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)ਲੁਧਿਆਣਾ( ਹੁਣ ਐਸ.ਸੀ.ਡੀ.ਸਰਕਾਰੀ ਕਾਲਜ, ਲੁਧਿਆਣਾ) ਵਿਰੁੱਧ ਮੁਕੱਦਮਾ ਨੰਬਰ 172, ਮਿਤੀ 23.7.2007 ਅਧੀਨ ਧਾਰਾ 419, 420,465, 471, 170, 120-ਬੀ- ਆਈ.ਪੀ. ਸੀ ਥਾਨਾਂ ਸਿੱਟੀ ਰਾਜਪੁਰਾ ਵਿਖੇ ਦਰਜ ਹੋਇਆ ਸੀ। ਇਹ ਮੁਕੱਦਮਾ ਮੁਖਬਰੀ ਦੇ ਅਧਾਰ ਤੇ ਦੀਪਕ ਕੁਮਾਰ ਉਰਫ ਰਿੰਕੂ ਪੁੱਤਰ ਸ੍ਰੀ ਰਾਜ ਕੁਮਾਰ ਵਾਸੀ ਜਗਾਧਰੀ ਅਤੇ ਹੋਰਨਾਂ ਵਿਰੁੱਧ ਦਰਜ ਹੋਇਆ ਸੀ, ਜਿਸ ਵਿੱਚ ਇਹ ਦੋਸ ਲਗਾਇਆ ਸੀ ਕਿ ਸ੍ਰੀ ਅਨਿਲ ਸੰਧੀਰ ਨੇ ਉਕਤ ਦੋਸ਼ੀਆ ਨਾਲ ਮਿਲ ਕੇ ਆਪਣੇ ਆਪਨੂੰ ਪੀ.ਏ.ਟੂ ਸ੍ਰੀ ਸੁਖਬੀਰ ਸਿੰਘ ਬਾਦਲ ਅਤੇ ਸ੍ਰੀਮਤੀ ਸੁਰਿੰਦਰ ਕੌਰ ਬਾਦਲ ਪਤਨੀ ਸ੍ਰੀ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਜੀ ਦਾ ਪੀ.ਏ ਦੱਸ ਕੇ ਵੱਖ ਵੱਖ ਅਧਿਆਪਕਾਂ ਦੀਆਂ ਬਦਲੀਆਂ ਕਰਵਾਉਂਦਾ ਸੀ ਅਤੇ ਆਪਣੀ ਘਰ ਵਾਲੀ ਸ੍ਰੀਮਤੀ ਸੁਦੇਸ ਰਾਣੀ ਜੋ ਕਿ ਇੱਕ ਅਧਿਆਪਕਾ ਲੱਗੀ ਸੀ, ਉਸਦੀ ਬਦਲੀ ਵੀ ਗਲਤ (ਝੂਠਾ) ਟੈਲੀਫੋਨ ਸੰਦੇਸ ਦੇ ਕੇ ਕਰਵਾਈ ਸੀ।

2.0 ਡੀ.ਪੀ.ਆਈ(ਸੈ.ਸਿ) ਦੇ ਮੀਮੋ ਨੰ: 5/136/2007 ਦ.ਅ (1)3251,ਮਿਤੀ 5.10.2012 ਰਾਹੀਂ ਕੀਤੀ ਰਿਪੋਰਟ ਅਨੁਸਾਰ ਸ੍ਰੀ ਅਨਿਲ ਸੰਧੀਰ ਨੂੰ ਡਾ: ਗੋਪਾਲ ਅਰੋੜਾ,ਪੀ.ਸੀ.ਐਸ, ਸਬ-ਡਵੀਜਨਲ ਜੁਡੀਸ਼ੀਅਲ ਮੈਜਿਸਟ੍ਰੇਟ, ਰਾਜਪੁਰਾ ਵੱਲੋਂ ਉਸ ਵਿਰੁੱਧ ਉਕਤ ਚੱਲ ਰਹੇ ਕੇਸ ਵਿੱਚ ਮਿਤੀ 15-5-2012 ਨੂੰ ਅੰਡਰ ਸੈਕਸਨ 170 ਆਈ.ਪੀ.ਸੀ.ਅਧੀਨ ਇੱਕ ਸਾਲ ਦੀ ਕੈਦ ਅਤੇ ਦੋ ਸੌ ਰੁਪਏ ਜੁਰਮਾਨੇ ਦੀ ਸਜਾ ਸੁਣਾਈ ਹੈ, ਜਿਸ ਦਾ ਓਪਰੇਟਿਵ ਪਾਰਟ ਹੇਠ ਲਿਖੇ ਅਨੁਸਾਰ ਹੈ:-

> " 16 I have heard the convict on the question of sentence. Convict have prayed for leniency as they are young persons and are the only bread winner of their families and are the first offenders. On the other hand learned APP for the state argued that accused have committed heinous crime and do not deserve for any leniency. Since, these types of incidents are growing rapidly in the society and generally goes undetected,therefore, if a lenient view is taken in such like heinous crime then it would give wrong signal to the society and would also encourage other such like persons. Consequently, keeping in view the nature of offence committed by the accused thay are awarded the following sentences"

xx xx xx xx xx
xx xx xx xx

**ACCUSED ANIL SANDHIR**

| | |
|---|---|
| Under Sec 170 IPC read with Sec 120-B IPC | To undergo Rigorous Imprisonment for a period of one year and to pay fine of Rs200/- In default of payment of fine to further undergo SI for one month |
| Under Sec 419 IPC read with Sec 120-B IPC | To undergo Rigorous Imprisonment for a period of one year and to pay fine of Rs200/- In default of payment of fine to further undergo SI for one month |
| Under Sec 471 IPC | To undergo Rigorous Imprisonment for a period of one year and to pay fine of Rs200/- In default of payment of fine to further undergo SI for one month |

Fine paid. All the sentences shall run concurrently. The period already undergone by the accused/convict during the trial of the case, if any be set off against their substantive sentence of imprisonment. Case property, if any be destroyed under rules after awaiting the result of appeal/revision if any. File be put up against accused Sartaj Singh and Kulbir Singh as and when they appeared or produced in the Court. Till then file be consigned to the record room"

Pronounced in open court
15.5.2012

(Dr. Gopal Arora)
Sub Divisional Judicial Magistrate
Rajpura

Contd/-2

3.0 ਮਾਨਯੋਗ ਅਦਾਲਤ ਦੇ ਉਕਤ ਆਦੇਸਾਂ ਅਨੁਸਾਰ ਸ੍ਰੀ ਅਨਿਲ ਸੰਧੀਰ,ਸੁਪਰਡੰਟ ਗ੍ਰੇਡ-2 ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਲੁਧਿਆਣਾ (ਹੁਣ ਐਸ.ਸੀ.ਡੀ.ਸਰਕਾਰੀ ਕਾਲਜ, ਲੁਧਿਆਣਾ) ਨੂੰ ਦੋਸ਼ੀ ਕਰਾਰ ਦਿੰਦੇ ਹੋਏ ਉਸਨੂੰ ਇੱਕ ਸਾਲ ਦੀ ਕੈਦ ਅਤੇ 200/-ਰੁਪਏ ਜੁਰਮਾਨੇ ਦੀ ਸਜਾ ਸੁਣਾਈ ਗਈ। ਜੇਕਰ ਜੁਰਮਾਨਾ ਅਦਾ ਨਹੀਂ ਕਰਦਾ ਤਾਂ ਇੱਕ ਮਹੀਨੇ ਦੀ ਸਜਾ ਹੋਰ ਭੁਗਤਣੀ ਪਵੇਗੀ। ਪਰ ਕਿਉਂ ਜੋ ਸ੍ਰੀ ਅਨਿਲ ਸੰਧੀਰ ਨੂੰ ਇਸੇ ਅਪਰਾਧ ਵਿੱਚ ਅਦਾਲਤ ਵੱਲੋਂ ਉਕਤ ਅਨੁਸਾਰ ਦੋਸ਼ੀ ਪਾਉਂਦੇ ਹੋਏ ਉਕਤ ਸਜ਼ਾ ਦਿੱਤੀ ਗਈ ਹੈ। ਇਸ ਲਈ ਵਿਭਾਗ ਵੱਲੋਂ ਇਸ ਸਬੰਧ ਵਿੱਚ ਕੀਤੀ ਗਈ ਇੰਨਕੁਆਰੀ ਦੀ ਰੋਸ਼ਨੀ ਵਿੱਚ ਕੋਈ ਹੋਰ ਕਾਰਵਾਈ ਕਰਨ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ।

4.0 ਸ੍ਰੀ ਅਨਿਲ ਸੰਧੀਰ, ਸੁਪਰਡੰਟ ਗ੍ਰੇਡ-2, ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ( ਹੁਣ ਐਸ.ਸੀ.ਡੀ.ਸਰਕਾਰੀ ਕਾਲਜ ,ਲੁਧਿਆਣਾ ) ਵੱਲੋਂ ਉਕਤ ਕੀਤੇ ਗੰਭੀਰ ਅਪਰਾਧਾਂ ਅਤੇ ਉਨ੍ਹਾਂ ਬਾਰੇ ਉਸਨੂੰ ਮਾਨਯੋਗ ਅਦਾਲਤ ਵੱਲੋਂ ਉਕਤ ਅਨੁਸਾਰ ਦਿੱਤੀਆ ਗਈਆ ਸਜਾਵਾਂ ਨੂੰ ਮੁੱਖ ਰੱਖਦੇ ਹੋਏ ਅਤੇ ਕੇਸ ਨੂੰ ਸਾਰੇ ਪੱਖੋਂ ਗਹੁ ਨਾਲ ਵਿਚਾਰਦੇ ਹੋਏ ਮੈਂ ਇਸ ਸਿੱਟੇ ਤੇ ਪੁੱਜੀ ਹਾਂ ਕਿ ਅਜਿਹੇ ਅਧਿਕਾਰੀ ਨੂੰ ਸੇਵਾ ਵਿੱਚ ਰੱਖਣਾ ਲੋਕ ਹਿੱਤ ਵਿੱਚ ਨਹੀਂ ਹੈ। ਮੈਂ ਰਵਨੀਤ ਕੌਰ, ਆਈ.ਏ.ਐਸ, ਸਕੱਤਰ ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸ) ਅਨਿਲ ਸੰਧੀਰ ਪੁੱਤਰ ਸਤਿਆਪਾਲ ਸੰਧੀਰ, ਸੁਪਰਡੰਟ ਗ੍ਰੇਡ-2, ਦਫ:ਜਿ:ਸਿ: ਅਫ (ਸੈਸਿ) ਲੁਧਿਆਣਾ (ਹੁਣ ਐਸ . ਸੀ.ਡੀ ਸਰਕਾਰੀ ਕਾਲਜ, ਲੁਧਿਆਣਾ) ਵਾਸੀ ਮਕਾਨ ਨੰ: 2994,ਐਚ.ਆਈ.ਜੀ. ਫੇਜ਼-1 ਦੁੱਗਰੀ ਲੁਧਿਆਣਾ, ਨੂੰ ਨੌਕਰੀ ਤੇ ਰੱਖਣ ਅਤੇ ਕੱਢਣ ਦਾ ਅਧਿਕਾਰ ਰੱਖਦੀ ਹਾਂ। ਇਸ ਲਈ ਮੈਂ ਉਸ ਨੂੰ ਤੱਤਕਾਲ ਸਮੇਂ ਤੋਂ ਭਾਰਤੀ ਸੰਵਿਧਾਨ ਦੀ ਧਾਰਾ 311 ਦੀ ਪਰਵਾਇਜ਼ੋ 2(ਏ) ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼ 1970 ਨਾਲ ਪੜਦੇ ਹੋਏ ਸਰਕਾਰੀ ਸੇਵਾ ਤੋਂ ਡਿਸਮਿਸ ਕਰਦੀ ਹਾਂ। ਇਸ ਅਧਿਕਾਰੀ ਵਿਰੁੱਧ ਲੱਗੇ ਦੋਸਾਂ ਨੂੰ ਮੁੱਖ ਰੱਖਦੇ ਹੋਏ ਉਸਨੂੰ ਮੁਅੱਤਲੀ ਸਮੇਂ ਦੌਰਾਨ ਜੋ ਤਨਖਾਹ/ਭੱਤੇ ਮਿਲ ਚੁੱਕੇ ਹਨ, ਇਸਤੋਂ ਇਲਾਵਾ ਹੋਰ ਕੁੱਝ ਨਹੀਂ ਮਿਲੇਗਾ।

ਮਿਤੀ,ਚੰਡੀਗੜ੍ਹ

19 ਨਵੰਬਰ, 2012

ਰਵਨੀਤ ਕੌਰ
ਸਕੱਤਰ, ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

ਪਿੰਠ.ਅੰਕਣ ਨੰ: 19/98/2007 4ਸਿ5/ 2899-2903 ਮਿਤੀ,ਚੰਡੀਗੜ੍ਹ: 20.11.2012

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਪੰਜਾਬ ਰਾਜ ਦੇ ਸਮੂਹ ਵਿਭਾਗਾ ਦੇ ਮੁੱਖੀ।
2. ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ) ਪੰਜਾਬ,ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,ਫੇਸ-8 ਮੋਹਾਲੀ।
3. ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ) ਪੰਜਾਬ,ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,ਫੇਸ-8 ਮੋਹਾਲੀ।
4. ਡਾਇਰੈਕਟਰ ਐਸ.ਸੀ.ਈ.ਆਰ.ਟੀ ਪੰਜਾਬ,ਚੰਡੀਗੜ੍ਹ।
5. ਮੰਡਲ ਸਿੱਖਿਆ ਅਫਸਰ ਜਲੰਧਰ/ਨਾਭਾ/ਫਰੀਦਕੋਟ।
6. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)
7. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿ)
8. ਡਾਇਰੈਕਟਰ ਪੰਜਾਬ ਰਾਜ ਸਾਇੰਸ ਸਿੱਖਿਆ ਸੰਸਥਾ,ਚੰਡੀਗੜ੍ਹ।
9. ਪ੍ਰਿੰਸੀਪਲ ਐਸ.ਸੀ.ਡੀ.ਸਰਕਾਰੀ ਕਾਲਜ ,ਲੁਧਿਆਣਾ। (ਰਜਿਸਟਰਡ)
10. ਸ੍ਰੀ ਅਨਿਲ ਸੰਧੀਰ, ਸੁਪਰਡੰਟ ਗ੍ਰੇਡ-2 ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈਸਿ) ਹੁਣ ਸੀ.ਐਸ.ਡੀ.ਸਰਕਾਰੀ ਕਾਲਜ ਲੁਧਿਆਣਾ। (ਰਜਿਸਟਰਡ)

ਵਧੀਕ ਸਕੱਤਰ ਸਕੂਲ ਸਿੱਖਿਆ

<u>ਅੰਦਰੂਨੀ ਵੰਡ:-</u>

1. ਨਿੱਜੀ ਸਕੱਤਰ/ਮਾਨਯੋਗ ਸਿੱਖਿਆ ਮੰਤਰੀ ਜੀ।
2. ਨਿੱਜੀ ਸਕੱਤਰ/ਸਕੱਤਰ ਸਕੂਲ ਸਿੱਖਿਆ।
3. ਨਿੱਜੀ ਸਹਾਇਕ/ਡੀ.ਜੀ.ਐਸ.ਈ।
4. ਨਿੱਜੀ ਸਹਾਇਕ/ਵ.ਸ.ਸ.ਸਿ ( ਗ) ਅਤੇ (ਜ)
5. ਸੁਪਰਡੰਟ ਸਿੱਖਿਆ,2,3,4,5,6 ਅਤੇ 7 ਸਾਖਾ।